ਨਿਊਜ਼ ਰਿਲੀਜ਼

# ਐਲਬਰਟਾ ਕੌਵਿਡ-19 ਪੀ ਸੀ ਆਰ ਟੈਸਟਿੰਗ ਪ੍ਰੋਗਰਾਮ ਨੂੰ ਅੱਪਡੇਟ ਕਰਦਾ ਹੈ

12 ਜੁਲਾਈ 2022

ਐਲਬਰਟਾ ਗੰਭੀਰ ਰੂਪ 'ਚ ਬੀਮਾਰ ਹੋ ਸਕਣ ਦੇ ਵੱਡੇ ਖਤਰੇ ਵਾਲੇ ਅਤੇ ਉੱਚ-ਖਤਰੇ ਵਾਲੀਆਂ ਥਾਵਾਂ 'ਤੇ ਰਹਿਣ ਜਾਂ ਕੰਮ ਕਰਨ ਵਾਲੇ ਐਲਬਰਟਾ ਨਿਵਾਸੀਆਂ ਨੂੰ ਪੀ ਸੀ ਆਰ ਕੌਵਿਡ-19 ਟੈਸਟ ਮੁਹੱਈਆ ਕਰਨੇ ਜਾਰੀ ਰੱਖੇਗਾ।

18 ਜੁਲਾਈ ਤੋਂ ਸ਼ੁਰੂ ਹੁੰਦਿਆਂ, ਪੀ ਸੀ ਆਰ ਟੈਸਟਿੰਗ ਪ੍ਰੋਗਰਾਮ 'ਚ  ਕਈ ਸਾਰੀਆਂ ਯੋਗਤਾ ਅਤੇ ਆਪਰੇਸ਼ਨਲ ਤਬਦੀਲੀਆਂ ਲਾਗੂ ਹੋਣ ਜਾਣਗੀਆਂ। ਕਲਿਨੀਕਲ ਇਲਾਜ ਦੀ ਸੂਚਨਾ ਵਾਸਤੇ ਕੀਤੇ ਜਾਣ ਵਾਲੇ ਟੈਸਟਾਂ ਲਈ ਕਿਸੇ ਮੈਡੀਕਲ ਪ੍ਰੋਫੈਸ਼ਨਲ ਵੱਲੋਂ ਰੈਫਰਲ ਦੀ ਜ਼ਰੂਰਤ ਹੋਵੇਗੀ ਅਤੇ ਟੈਸਟ ਕਰਨ ਵਾਲੀਆਂ ਕੁਝ ਥਾਵਾਂ ਬਦਲ ਜਾਣਗੀਆਂ।

"ਸਾਹ-ਪ੍ਰਣਾਲੀ ਦੇ ਹੋਰ ਵਾਇਰਸਾਂ ਨਾਲ ਨਿਪਟਣ ਲਈ ਅਸੀਂ ਆਪਣੇ ਪਾਸ ਮੌਜੂਦ ਪ੍ਰਬੰਧ ਨੂੰ ਹੋਰ ਮਜ਼ਬੂਤ ਕਰਨ ਲਈ ਕਦਮ ਚੁੱਕ ਰਹੇ ਹਾਂ। ਸਾਡੇ ਪੀ ਸੀ ਆਰ ਟੈਸਟਿੰਗ ਪ੍ਰੋਗਰਾਮ ਸਬੰਧੀ ਇਹ ਅੱਪਡੇਟਾਂ ਐਲਬਰਟਾ ਨਿਵਾਸੀਆਂ ਦੇ ਮੈਡੀਕਲ ਹੋਮਾਂ ਦੇ ਹੋਰ ਵਧੇਰੇ ਨੇੜੇ ਸਿਹਤ-ਸੰਭਾਲ ਪ੍ਰਦਾਨ ਕਰਨ ਨੂੰ ਬੜ੍ਹਾਵਾ ਦੇਣ 'ਚ ਮਦਦ ਕਰਨਗੀਆਂ, ਐਲਬਰਟਾ ਦੇ ਟੈਸਟ ਕਰਨ ਦੀ ਸਮਰੱਥਾ ਨੂੰ ਸਾਨੂੰ ਉਨ੍ਹਾਂ ਲੋਕਾਂ ਵੱਲ ਸੇਧਤ ਕਰਨ ਦੇਣਗੀਆਂ ਜਿਹੜੇ ਸਭ ਤੋਂ ਵੱਧ ਖਤਰੇ 'ਚ ਹਨ ਅਤੇ ਉਨ੍ਹਾਂ ਕੁਝ ਹੈਲਥ-ਕੇਅਰ ਵਰਕਰਾਂ ਨੂੰ ਹੋਰ ਸਿਹਤ ਸੇਵਾਵਾਂ 'ਚ ਮਦਦ ਕਰਨ  ਦੇ ਉਨ੍ਹਾਂ ਦੇ ਬਾਕਾਇਦਾ ਰੋਲ 'ਤੇ ਵਾਪਸ ਲਿਆਉਣ ਦੀ ਇਜ਼ਾਜਤ ਦੇਣਗੀਆਂ, ਜਿਹੜੇ ਬੀਤੇ ਦੋ ਸਾਲਾਂ 'ਚ ਜਾਂਚ ਕੇਂਦਰਾਂ 'ਚ ਤਾਇਨਾਤ ਕੀਤੇ ਹੋਏ ਸਨ।"

*Jason Copping, ਮਿਨਿਸਟਰ ਆਫ ਹੈਲਥ*

""ਐਲਬਰਟਾ ਗਰਮੀਆਂ ਦੌਰਾਨ ਅਤੇ ਪੱਤਝੜ ਰੁੱਤ 'ਚ ਦਖਲ ਹੁੰਦਿਆਂ, ਇੰਨਫਲੂਐਂਜਾ ਵਰਗੇ ਸਾਹ-ਪ੍ਰਣਾਲੀ ਦੇ ਹੋਰ ਵਾਇਰਸਾਂ ਦੇ ਫੈਲਾਅ 'ਚ ਵਾਧੇ ਦੇ ਨਾਲ ਨਾਲ ਕੌਵਿਡ-19 ਦੇ ਹੱਲਿਆਂ ਦੇ ਜਾਰੀ ਰਹਿਣ ਦੀ ਆਸ ਕਰ ਸਕਦਾ ਹੈ। ਮੈਂ ਐਲਬਰਟਾ ਨਿਵਾਸੀਆਂ ਨੂੰ ਰੋਗ-ਲੱਛਣਾਂ ਨੂੰ ਵਾਚਣ, ਬੀਮਾਰ ਹੋਣ 'ਤੇ ਘਰ ਰਹਿਣ ਅਤੇ ਇਲਾਜ ਲਈ ਯੋਗ ਬਣਦੇ ਵਿਅਕਤੀਆਂ ਨੂੰ, ਜਦੋਂ ਬਿਮਾਰ ਹੋਣ, ਝਟਪਟ ਰੈਪਿਡ ਟੈਸਟ ਜਾਂ ਪੀ ਸੀ ਆਰ ਟੈਸਟ ਲਈ ਪਹੁੰਚ ਕਰਨ ਦੀ ਮਹੱਤਤਾ ਯਾਦ ਦਿਵਾਉਣਾ ਚਾਹੁੰਦੀ ਹੈ।"

*Dr. Deena Hinshaw, ਚੀਫ ਮੈਡੀਕਲ ਅਫਸਰ ਆਫ ਹੈਲਥ*

## ਐਲਬਰਟਾ ਹੈਲਥ ਸਰਵਿਸਿਜ਼ (AHS) ਅਸੈੱਸਮੈਂਟ ਟੂਲ ਅਤੇ ਟੈਸਟ ਦੇ ਸਥਾਨ

ਐਲਬਰਟਾ ਹੈਲਥ ਸਰਵਿਸਿਜ਼ ਦਾ ਆਨਲਾਈਨ ਅਸੈੱਸਮੈਂਟ ਟੂਲ ਉਨ੍ਹਾਂ ਲੋਕਾਂ ਲਈ ਏ ਐੱਚ ਐੱਸ ਦੇ ਸਥਾਨਾਂ 'ਤੇ ਐਪੁਆਇੰਟਮੈਂਟ ਬੁੱਕ ਕਰਨ ਲਈ ਵਰਤਿਆ ਜਾਣਾ ਜਾਰੀ ਰਹੇਗਾ ਜਿਹੜੇ ਯੋਗਤਾ ਮਾਪਦੰਡ ਪੂਰੇ ਕਰਦੇ, ਉੱਚ-ਖਤਰੇ ਵਾਲੀਆਂ ਥਾਵਾਂ 'ਤੇ ਰਹਿੰਦੇ ਜਾਂ  ਕੰਮ ਕਰਦੇ ਜਾਂ ਕਿਸ ਮੈਡੀਕਲ ਪ੍ਰੋਫੈਸ਼ਨਲ ਵੱਲੋਂ ਰੈਫਰ ਕੀਤੇ ਜਾਂਦੇ ਹਨ।

ਐਲਬਰਟਾ ਹੈਲਥ ਸਰਵਿਸਿਜ਼ ਕੁਝ ਜਾਂਚ ਕੇਂਦਰਾਂ 'ਤੇ ਪੀ ਸੀ ਆਰ ਟੈਸਟ ਕਰਨੇ ਜਾਰੀ ਰੱਖੇਗਾ। ਹੋਰ ਕਮਿਊਨਿਟੀਆਂ 'ਚ, ਟੈਸਟ ਉਨ੍ਹਾਂ ਐਲਬਰਟਾ ਹੈਲਥ ਸਰਵਿਸਿਜ਼ ਕਲਿਨਿਕਾਂ 'ਤੇ ਕੀਤੇ ਜਾਣਗੇ ਜਿਹੜੀਆਂ ਹੋਰ ਸਿਹਤ ਸੇਵਾਵਾਂ ਨਾਲ ਸੰਮਿਲਤ, ਸਵੈਬਿੰਗ ਸਾਈਟਾਂ ਵਜੋਂ ਨਿਰਧਾਰਤ ਕੀਤੀਆਂ ਗਈਆਂ ਸਨ।

ਜਿਥੇ ਟੈਸਟ ਕਰਨਾਂ ਇਲਾਜ ਦੇ ਫੈਸਲਿਆਂ ਸਬੰਧੀ ਜਾਣਕਾਰੀ ਲਈ ਲੋੜੀਂਦਾ ਹੋਵੇਗਾ, ਪ੍ਰਾਇਮਰੀ ਕੇਅਰ ਅਤੇ ਅਰਜੈਂਟ ਕੇਅਰ ਕਲਿਨਿਕਾਂ ਉੱਥੇ ਥਾਂ 'ਤੇ ਹੀ ਟੈਸਟ ਕਰਨ ਜਾਂ ਕਿਸੇ ਏ ਐੱਚ ਐੱਸ ਲੁਕੇਸ਼ਨ ਨੂੰ ਰੈਫਰ ਕਰਨ ਦੀ ਚੋਣ ਕਰ ਸਕਦੀਆਂ  ਹਨ।

## ਕਲਿਨਿਕ ਅਧਿਕਾਰੀ ਦੀ ਰੈਫਰਲ ਦੁਆਰਾ ਯੋਗਤਾ

18 ਜੁਲਾਈ ਤੋਂ, ਉਹ ਐਲਬਰਟਾ ਨਿਵਾਸੀ ਜਿੰਨ੍ਹਾਂ ਨੂੰ ਆਪਣੇ ਸਿਹਤ-ਸੰਭਾਲ ਵਾਲਿਆਂ ਨੂੰ ਜਾਣਕਾਰੀ ਦੇਣ ਲਈ ਪੀ ਸੀ ਆਰ ਟੈਸਟ ਕਰਾਉਣ ਦੀ ਲੋੜ ਹੈ, ਉਨ੍ਹਾਂ ਨੂੰ ਕਿਸੇ ਕਲਿਨਿਕ ਅਧਿਕਾਰੀ ਪਾਸੋਂ ਰੈਫਰਲ ਦੀ ਜ਼ਰੂਰਤ ਹੋਵੇਗੀ। ਇਸ 'ਚ ਸ਼ਾਮਲ ਹਨ:

- ਰੋਗ-ਲੱਛਣਾਂ ਵਾਲੇ ਵਿਅਕਤੀ ਜਿਹੜੇ ਆਊਟਪੇਸ਼ੈਂਟ ਟਰੀਟਮੈਂਟ (Paxlovid) ਜਾਂ Remdesivir) ਵਾਸਤੇ ਯੋਗ ਹੋ ਸਕਦੇ ਹਨ।
- ਰੋਗ-ਲੱਛਣਾਂ ਵਾਲੇ ਵਿਅਕਤੀ ਜੋ ਗਰਭਵਤੀ ਹਨ।
- ਉਹ ਵਿਅਕਤੀ ਜਿਹੜੇ ਉਨ੍ਹਾਂ ਦੀ ਮੈਡੀਕਲ ਜਾਂਚ ਦੇ ਇਕ ਭਾਗ ਵਜੋਂ ਟੈਸਟ ਕਰਾਉਣ ਵਾਸਤੇ ਰੈਫਰ ਕੀਤੇ ਗਏ ਹਨ।

ਕਲਿਨਿਕ ਅਧਿਕਾਰੀ ਆਪਣੇ ਮਰੀਜ਼ਾਂ ਵਾਸਤੇ ਟੈਸਟ ਕਰਨ ਦੇ ਉੱਤਮ ਵਿਕਲਪ ਦਾ ਫੈਸਲਾ ਕਰਨਗੇ, ਜਿੰਨ੍ਹਾਂ 'ਚ ਸ਼ਾਮਲ ਹੋ ਸਕਦਾ ਹੈ, ਘਰ 'ਚ ਜਾਂ ਕਲਿਨਿਕ 'ਚ ਰੈਪਿਡ ਟੈਸਟ ਕਰਨਾਂ, ਕਲਿਨਿਕ 'ਚ ਸਵੈਬਿੰਗ, ਜਿਸਦਾ ਨਮੂਨਾਂ ਪੀ ਸੀ ਆਰ ਟੈਸਟ ਕਰਨ ਵਾਸਤੇ ਲੈਬ ਨੂੰ ਭੇਜਿਆ ਜਾਵੇਗਾ ਜਾਂ ਏ ਐੱਚ ਐੱਸ ਦੀ ਕਿਸੇ ਸਾਈਟ 'ਤੇ ਟੈਸਟ ਕਰਨ ਵਾਸਤੇ ਰੈਫਰਲ।

ਉਹ ਐਲਬਰਟਾ ਨਿਵਾਸੀ ਜਿਹੜੇ ਉਨ੍ਹਾਂ ਦੇ ਕਲਿਨਿਕ ਅਧਿਕਾਰੀ ਵੱਲੋਂ ਐਲਰਟਾ ਹੈਲਥ ਸਰਵਿਸਿਜ਼ ਦੀ ਕਿਸੇ ਸਾਈਟ ਲਈ ਰੈਫਰ ਕੀਤੇ ਜਾਂਦੇ ਹਨ, ਉਹ ਆਪਣੇ ਡਾਕਟਰ ਦਾ ਨਾਂ ਅਸੈੱਸਮੈਂਟ ਟੂਲ 'ਚ ਭਰਨਗੇ ਅਤੇ ਉਨ੍ਹਾਂ ਦਾ ਡਾਕਟਰ ਉਨ੍ਹਾਂ ਵਾਸਤੇ ਲੈਬ ਨੂੰ ਬੇਨਤੀ ਭੇਜੇਗਾ।

ਉਹ ਐਲਬਰਟਾ ਨਿਵਾਸੀ ਜਿਹੜੇ ਆਊਟਪੇਸ਼ੈਂਟ ਇਲਾਜ ਵਾਸਤੇ ਯੋਗ ਬਣਦੇ ਹਨ, ਜਿੰਨ੍ਹਾਂ ਪਾਸ ਕੋਈ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨਹੀਂ, ਜਾਂ ਜਿਸੜੇ ਐਪੁਆਇੰਟਮੈਂਟ ਬੁੱਕ ਨਹੀਂ ਕਰ ਸਕਦੇ, ਹੈਲਥ ਲਿੰਕ ਨੂੰ 1-844-343-0971 'ਤੇ ਫੋਨ ਕਰਨਾਂ ਜਾਰੀ ਰੱਖ ਸਕਦੇ ਹਨ।

## ਸੈਲਫ-ਰੈਫਰਲ ਦੁਆਰਾ ਯੋਗਤਾ

ਯੋਗ ਬਣਦੇ ਐਲਬਰਟਾ ਨਿਵਾਸੀ ਜਿਹੜੇ ਉੱਚ-ਖਤਰੇ ਵਾਲੀਆਂ ਥਾਵਾਂ 'ਤੇ ਰਹਿੰਦੇ ਜਾਂ ਕੰਮ ਕਰਦੇ ਹਨ, ਉਹ ਏ ਐੱਚ ਐੱਸ ਅਸੈੱਸਮੈਂਟ ਟੂਲ ਰਾਹੀਂ ਆਪਣੇ ਆਪ ਨੂੰ ਆਪੇ ਰੈਫਰ ਕਰਨਾਂ ਜਾਰੀ ਰੱਖ ਸਕਦੇ ਹਨ। ਇੰਨ੍ਹਾਂ 'ਚ ਸ਼ਾਮਲ ਹਨ:

- ਰੋਗ-ਲੱਛਣਾਂ ਵਾਲੇ ਲੋਕ ਜਿਹੜੇ ਅਲੱਗ-ਥਲੱਗ ਅਤੇ ਦੂਰ-ਦੁਰਾਡੀਆਂ ਫਸਟ ਨੇਸ਼ਨਜ਼, ਇਨਿਯੂਟ ਅਤੇ ਮੈਟਿਸ ਕਮਿਊਨਿਟੀਆਂ 'ਚ ਰਹਿੰਦੇ ਜਾਂ ਕੰਮ ਕਰਦੇ ਹਨ।
- ਹੈਲਥ-ਕੇਅਰ ਅਤੇ ਕਾਂਟੀਨਿਊਇੰਗ ਕੇਅਰ ਵਰਕਰ ਅਤੇ ਉੱਚ-ਫੈਲਾਅ ਦੇ ਖਤਰੇ ਵਾਲੀਆਂ ਖਾਸ ਥਾਵਾਂ ਦੇ ਵਰਕਰ, ਜਿਵੇਂ ਕੁਰੈਕਸ਼ਨਲ ਫੈਸਿਲਿਟੀਆਂ ਅਤੇ ਸ਼ੈਲਟਰ।

ਅਲੱਗ-ਥਲੱਗ ਅਤੇ ਦੂਰ-ਦੁਰਾਡੀਆਂ ਫਸਟ ਨੇਸ਼ਨਜ਼, ਇਨਿਯੂਟ ਅਤੇ ਮੈਟਿਸ ਕਮਿਊਨਿਟੀਆਂ 'ਚ ਰਹਿ ਰਹੇ ਜਾਂ ਕੰਮ ਕਰ ਰਹੇ ਵਿਅਕਤੀ ਆਪਣੀਆਂ ਕਮਿਊਨਿਟੀਆਂ 'ਚ ਟੈਸਟ ਕਰਾਉਣ ਲਈ ਪਹੁੰਚ ਕਰਨ ਦੇ ਯੋਗ ਹੋਣਾ ਵੀ ਜਾਰੀ ਰੱਖਣਗੇ।

ਵਿਅਕਤੀ, ਜਿਹੜੇ ਉੱਚ-ਫੈਲਾਅ ਦੇ ਖਤਰੇ ਵਾਲੀਆਂ ਥਾਵਾਂ 'ਤੇ ਰਹਿੰਦੇ ਜਾਂ ਠਹਿਰਦੇ ਹਨ, ਉਸ ਸਥਾਨ 'ਤੇ ਹੀ ਟੈਸਟ ਕਰਾਉਣ ਲਈ ਪਹੁੰਚ ਕਰਨ ਦੇ ਯੋਗ ਹੋਣਾ ਜਾਰੀ ਰੱਖਣਗੇ।

## ਰੈਪਿਡ ਟੈਸਟ

ਸਾਰੇ ਐਲਬਰਟਾ ਨਿਵਾਸੀਆਂ ਲਈ ਰੈਪਿਡ ਟੈਸਟ ਸਵੈ-ਰੋਗ ਪਛਾਣ ਲਈ ਇਕ ਝਟਪਟ ਉਪਲਬਧ ਅਤੇ ਸੁਖਾਲੇ ਸੰਦ ਵਜੋਂ ਮਿਲਣੇ ਜਾਰੀ ਰਹਿਣਗੇ। ਸਾਰੇ ਐਲਬਰਟਾ ਨਿਵਾਸੀਆਂ ਲਈ ਸੂਬੇ ਭਰ ਵਿਚ ਸੈਂਕੜੇ ਫਾਰਮੇਸੀਆਂ ਦੁਆਰਾ ਮੁਫਤ ਰੈਪਿਡ ਟੈਸਟ ਕਿੱਟਾਂ ਉਪਲਬਧ ਹਨ।.

## ਸਬੰਧਤ ਜਾਣਕਾਰੀ

- ਕੋਵਿਡ-19 ਰੋਗ-ਲੱਛਣ ਅਤੇ ਟੈਸਟਿੰਗ
- ਏ ਐੱਚ ਐੱਸ ਅਸੈੱਸਮੈਂਟ ਟੂਲ

## ਮੀਡੀਆ ਇਨਕੁਆਰੀਆਂ


**Steve Buick**

780-288-1735
ਸੀਨੀਅਰ ਪ੍ਰੈੱਸ ਸੈਕਰੇਟਰੀ, ਹੈਲਥ


